ਨੰ: 10/9/09-3ਬਅ/ 25056

ਪੰਜਾਬ ਸਰਕਾਰ

ਚੌਕਸੀ ਵਿਭਾਗ

( ਬਜਟ ਅਤੇ ਅਮਲਾ ਸ਼ਾਖਾ)

ਚੌਕਸੀ ਸ਼ਾਖਾ

ਡਾਇਰੀ ਨੰ 6233

ਮਿਤੀ 19/11/09

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਮੰਡਲਾਂ ਦੇ ਕਮਿਸ਼ਨਰ, ਡਿਪਟੀ ਕਮਿਸ਼ਨਰ ਅਤੇ
ਉਪ ਮੰਡਲ ਅਫਸਰ।

ਮਿਤੀ,ਚੰਡੀਗੜ੍ਹ। 12-11-09

ਵਿਸ਼ਾ:- ਪੈਨਸ਼ਨ /ਤਰੱਕੀ ਆਦਿ ਦੇ ਕੇਸਾਂ ਵਿਚ ਗਰੁੱਪ ਏ ਅਤੇ ਬੀ. ਵਿਚ ਆਉਂਦੇ ਅਧਿਕਾਰੀਆਂ ਦਾ ਚੌਕਸੀ ਵਿਭਾਗ ਵਲੋਂ ਸਫਾਈ ਸਰਟੀਫਿਕੇਟ ਜਾਰੀ ਕਰਨ ਬਾਰੇ।

----

ਸ਼੍ਰੀਮਾਨ ਜੀ,

ਉਪਰੋਕਤ ਵਿਸ਼ੇ ਤੇ ਮੈਨੂੰ ਆਪਦਾ ਧਿਆਨ ਚੌਕਸੀ ਵਿਭਾਗ ਦੇ ਗਸ਼ਤੀ ਪੱਤਰ ਨੰ: 19/1/98-4ਚੌ1/3900-4050, ਮਿਤੀ 6-3-2000 ਦੇ ਪੈਰ੍ਹਾ-17 ਅਤੇ ਗਸ਼ਤੀ ਪੱਤਰ ਨੰ10/2/08-3ਬਅ/1300, ਮਿਤੀ 21-1-08 ਵੱਲ ਦਿਵਾਉਣ ਅਤੇ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਇਹਨਾਂ ਪੱਤਰਾਂ ਅਨੁਸਾਰ ਚੌਕਸੀ ਵਿਭਾਗ ਪਾਸੋਂ ਗਰੁੱਪ ਏ" ਅਤੇ ਬੀ" ਗਜ਼ਟਿਡ ਅਧਿਕਾਰੀਆਂ ਦੇ ਪੈਨਸ਼ਨ / ਤਰੱਕੀ ਵਿਦੇਸ਼ ਜਾਣ ਸਬੰਧੀ ਆਦਿ ਦੇ ਕੇਸਾਂ ਵਿਚ ਵਿਭਾਗਾਂ ਵਲੋਂ ਸਫਾਈ ਸਰਟੀਫਿਕੇਟ ਪ੍ਰਾਪਤ ਕੀਤਾ ਜਾਂਦਾ ਹੈ। ਪੰਜਵੇਂ ਪੰਜਾਬ ਪੇ ਕਮਿਸ਼ਨ ਦੀ ਰਿਪੋਰਟ ਲਾਗੂ ਹੋਣ ਉਪਰੰਤ ਕੁੱਲ ਗਰੁੱਪ ਸੀ" ਦੇ ਕਰਮਚਾਰੀਆਂ ਦੀਆਂ ਕੈਟਾਗਰੀਆਂ ਗਰੁੱਪ ਬੀ ਵਿਚ ਸ਼ਾਮਲ ਹੋ ਗਈਆਂ ਹਨ, ਜਿਸ ਕਰਕੇ ਗਰੁੱਪ ਬੀ" ਵਿਚ ਨਵੇਂ ਸ਼ਾਮਲ ਹੋਏ ਗਰੁੱਪ ਸੀ" ਦੇ ਕਰਮਚਾਰੀਆਂ ਨੂੰ ਵੀ ਮੌਜੂਦਾ ਹਦਾਇਤਾਂ ਅਨੁਸਾਰ ਚੌਕਸੀ ਸਫਾਈ ਸਰਟੀਫਿਕੇਟ ਜਾਰੀ ਕਰਨਾ ਬਣਦਾ ਹੈ, ਜਿਸ ਨਾਲ ਪੈਨਸ਼ਨ ਤੇ ਜਾਣ ਵਾਲੇ ਕਰਮਚਾਰੀਆਂ ਨੂੰ ਇਹ ਸਰਟੀਫਿਕੇਟ ਪ੍ਰਾਪਤ ਕਰਨ ਲਈ ਦਿੱਕਤਾਂ ਪੇਸ਼ ਆ ਸਕਦੀਆਂ ਹਨ ਅਤੇ ਜਿਸ ਕਰਕੇ ਉਹਨਾਂ ਦੇ ਪੈਨਸ਼ਨ ਕੇਸ ਮੁਕੰਮਲ ਹੋਣ ਵਿਚ ਵੀ ਦੇਰੀ ਹੋ ਸਕਦੀ ਹੈ। ਦੂਜੇ ਪਾਸੇ ਪੰਜਾਬ ਸਟੇਟ ਮਨਿਸਟਰੀਅਲ ਸਰਵਿਸਿਜ ਯੂਨੀਅਨ ਵਲੋਂ ਵੀ ਮੰਗ ਕੀਤੀ ਜਾ ਰਹੀ ਹੈ ਕਿ ਅਧਿਕਾਰੀਆਂ/ ਕਰਮਚਾਰੀਆਂ ਦੀਆਂ ਕੁਝ ਕੈਟਾਗਰੀਆਂ ਨੂੰ ਪੈਨਸ਼ਨ ਸਫਾਈ ਸਰਟੀਫਿਕੇਟ ਚੌਕਸੀ ਵਿਭਾਗ ਤੋਂ ਪ੍ਰਾਪਤ ਕਰਨ ਤੋਂ ਛੋਟ ਦਿੱਤੀ ਜਾਵੇ। ਇਸ ਮਾਮਲੇ ਨੂੰ ਸਰਕਾਰ ਵਲੋਂ ਮੁੜ ਗੁਹ ਨਾਲ ਵਿਚਾਰਨ ਉਪਰੰਤ ਇਹ ਫੈਸਲਾ ਕੀਤਾ ਗਿਆ ਹੈ ਕਿ ਹੁਣ ਚੌਕਸੀ ਵਿਭਾਗ ਵਲੋਂ ਗਰੁੱਪ ਏ" ਦੇ ਸਾਰੇ ਅਧਿਕਾਰੀਆਂ ਅਤੇ ਗਰੁੱਪ ਬੀ" ਦੇ ਕੇਵਲ ਉਹ ਅਧਿਕਾਰੀ ਜੋ ਬਤੌਰ ਡੀ.ਡੀ.ਓ. ਕੰਮ ਕਰਦੇ ਹਨ ਜਾਂ ਡੀ.ਡੀ.ਓ. ਲਗਣ ਦੀ ਪਾਤਰਤਾ ਰੱਖਦੇ ਹਨ, ਦੇ ਹੱਕ ਵਿਚ ਸਫਾਈ ਸਰਟੀਫਿਕੇਟ ਜਾਰੀ ਕੀਤਾ ਜਾਵੇਗਾ ਅਤੇ ਬਾਕੀ ਅਧਿਕਾਰੀਆਂ/ ਕਰਮਚਾਰੀਆਂ ਦੇ ਕੇਸਾਂ ਵਿਚ, ਸੰਬੰਧਤ ਵਿਭਾਗ ਦਾ ਚੀਫ ਵਿਜੀਲੈਂਸ ਅਫਸਰ ਵਲੋਂ ਇਹ ਸਰਟੀਫਿਕੇਟ ਜਾਰੀ ਕੀਤਾ ਜਾਵੇਗਾ। ਬਾਕੀ ਦੀਆਂ ਸ਼ਰਤਾਂ ਹਵਾਲੇ ਅਧੀਨ ਦਸੇ ਗਸ਼ਤੀ ਪੱਤਰਾਂ ਅਨੁਸਾਰ ਹੀ ਹੋਣਗੀਆਂ।

ਇਹ ਹਦਾਇਤਾਂ ਸਮੂਹ ਅਧਿਕਾਰੀਆਂ/ ਕਰਮਚਾਰੀਆਂ ਦੇ ਨੋਟਿਸ ਵਿਚ ਲਿਆ ਦਿਤੀਆਂ ਜਾਣ ਅਤੇ ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ।

ਵਧੀਕ ਸਕੱਤਰ, ਪੰਜਾਬ ਸਰਕਾਰ
ਚੌਕਸੀ ਵਿਭਾਗ।

ਉਤਾਰਾ ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ, ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹਨਾਂ ਅਧੀਨ ਆਉਂਦੇ ਵਿਭਾਗਾਂ ਦੇ ਮੁੱਖੀਆਂ ਨੂੰ ਉਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨ ਲਈ ਹਦਾਇਤਾਂ ਜਾਰੀ ਕਰਨ ਦੀ ਖੇਚਲ ਕੀਤੀ ਜਾਵੇ।

ਵਧੀਕ ਸਕੱਤਰ, ਪੰਜਾਬ ਸਰਕਾਰ
ਚੌਕਸੀ ਵਿਭਾਗ

ਸੇਵਾ ਵਿਖੇ

ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ,
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਪ:ਵਿ:ਪ:ਨੰ: 10/9/09-3ਬਅ/ 25057 ਮਿਤੀ,ਚੰਡੀਗੜ੍ਹ: 12-11-09

ਨੰ: 10/9/09-3ਬਅ/ 25058 ਮਿਤੀ,ਚੰਡੀਗੜ੍ਹ: 12-11-09

ਉਤਾਰਾ ਮਹਾਂਲੇਖਕਾਰ, ਪੰਜਾਬ (ਏ. ਐਂਡ ਈ.) ਚੰਡੀਗੜ੍ਹ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਵਧੀਕ ਸਕੱਤਰ, ਪੰਜਾਬ ਸਰਕਾਰ
ਚੌਕਸੀ ਵਿਭਾਗ

ਨੰ: 10/9/09-3ਬਅ/ 25059 ਮਿਤੀ,ਚੰਡੀਗੜ੍ਹ: 12-11-09

ਉਤਾਰਾ ਮੁੱਖ ਡਾਇਰੈਕਟਰ, ਚੌਕਸੀ ਬਿਉਰੋ, ਪੰਜਾਬ, ਚੰਡੀਗੜ੍ਹ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਵਧੀਕ ਸਕੱਤਰ, ਪੰਜਾਬ ਸਰਕਾਰ
ਚੌਕਸੀ ਵਿਭਾਗ

ਨੰ: 10/9/09-3ਬਅ/ 25060-66 ਮਿਤੀ,ਚੰਡੀਗੜ੍ਹ: 12-11-09

ਉਤਾਰਾ ਚੌਕਸੀ ਵਿਭਾਗ ਦੀਆਂ ਸਮੂਹ ਸ਼ਾਖਾਵਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਵਧੀਕ ਸਕੱਤਰ, ਪੰਜਾਬ ਸਰਕਾਰ
ਚੌਕਸੀ ਵਿਭਾਗ

ਸੇਵਾ ਵਿਖੇ

1. ਬਜਟ ਅਤੇ ਅਮਲਾ ਅਫਸਰ, ਚੌਕਸੀ ਵਿਭਾਗ;
2. ਸੁਪਰਡੈਂਟ ਚੌਕਸੀ 1,2,3,4,5 ਸ਼ਾਖਾ
3. ਉਪ ਜਿਲ੍ਹਾ ਅਟਾਰਨੀ ਚੌਕਸੀ ਵਿਭਾਗ
4. ਰੀਡਰ/ਕਮਿਸ਼ਨਰ, ਪੜਤਾਲਾਂ।

ਗਸ:ਪ:ਨੰ: 10/9/09-3ਬਅ/ 25067 ਮਿਤੀ,ਚੰਡੀਗੜ੍ਹ: 12/11/09